

ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ
ਚੌਥਾ ਮਹਾਨ ਨਗਰ ਕੀਰਤਨ
ਸਨਿਚਰਵਾਰ 2 ਮਈ 2015
ਪ੍ਰੋਗਰਾਮ ਦਾ ਵੇਰਵਾ
ਅਰੰਭ ਸ੍ਰੀ ਅਖੰਡ ਪਾਠ: 30 ਅਪਰੈਲ 2015 (ਦਿਨ ਵੀਰਵਾਰ)
ਭੋਗ ਸ੍ਰੀ ਅਖੰਡ ਪਾਠ: 2 ਮਈ 2015 (ਸਨਿਚਰਵਾਰ)
ਤਿੰਨੇ ਦਿਨ ਦਰਬਾਰ ਸਜਣਗੇ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਢਾਡੀ ਮੋਹਨ ਸਿੰਘ ਬਡਿਆਣਾ 20 ਅਪਰੈਲ ਤੋਂ 10 ਮਈ ਤੱਕ
ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ।
ਗੁਰਦੁਆਰਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ
1050.SOUTH GRAHAM RD, GREENWOOD ,46143
Ph 317-884-4708
ਇਹ ਗੁਰੂਘਰ ਦੀ ਨਵੀਂ ਬਿਲਡਿੰਗ ਉਸਾਰੀ ਅਧੀਨ ਹੈ
ਬੇਨਤੀ ਕਰਤਾ
ਭਾਈ ਪਰਮਜੀਤ ਸਿੰਘ (ਮੁੱਖ ਸੇਵਾਦਾਰ) 317-919-4068
ਭਾਈ ਪਲਵਿੰਦਰ ਸਿੰਘ (ਉਪ ਮੁੱਖ ਸੇਵਾਦਾਰ), ਭਾਈ ਸਤਵੰਤ ਸਿੰਘ ਨਿੱਜਰ (ਸਕੱਤਰ) 916-416-2499, ਕੁਲਦੀਪ ਸਿੰਘ ਭਾਊ (ਮੀਤ ਸਕੱਤਰ),
ਭਾਈ ਕੁਲਦੀਪ ਸਿੰਘ ਬਾਠ (ਚੇਅਰਮੈਨ) 240-381-2266, ਭਾਈ ਨਰਿੰਦਰ ਸਿੰਘ ਸੋਢੀ (ਮੀਤ ਚੇਅਰਮੈਨ), ਭਾਈ ਕੁਲਦੀਪ ਸਿੰਘ ਸੰਧੂ,
ਭਾਈ ਅਮਰਜੀਤ ਸਿੰਘ, ਭਾਈ ਬੁੱਕਣ ਸਿੰਘ, ਭਾਈ ਜਗਜੀਤ ਸਿੰਘ ਬਣਵੈਤ, ਭਾਈ ਕੁਲਵੰਤ ਸਿੰਘ, ਭਾਈ ਜਗਤਾਰ ਸਿੰਘ ਤੇ ਭਾਈ ਭਜਨ ਸਿੰਘ ਸਿੱਧੂ ਅਤੇ
ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਮੈਂਬਰ ਸਾਹਿਬਾਨ ਬੋਰਡ ਆਫ ਡਾਇਰੈਕਟਰ
Quik Signs *661-703-8795 *661-900-7357

# ਪੀ ਸੀ ਐਸ ਦੇ ਰੰਗਲਾ ਪੰਜਾਬ ਪ੍ਰੋਗਰਾਮ ਵਿਚ ਖੂਬ ਲੱਗੀਆਂ ਰੌਣਕਾਂ




**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਵਲੋਂ ਲੰਘੀ 4 ਅਪਰੈਲ ਨੂੰ ਇਥੇ ਮੈਡੋਜ਼ ਕਲੱਬ, ਰੋਲਿੰਗ ਮੈਡੋਜ਼ ਵਿਚ ਕਰਵਾਏ ਗਏ ਇਸ ਦੇ ਸਾਲਾਨਾ 'ਰੰਗਲਾ ਪੰਜਾਬ' ਪ੍ਰੋਗਰਾਮ ਦੌਰਾਨ 5 ਸਾਲ ਤੋਂ ਲੈ ਕੇ 50 ਸਾਲ ਤੱਕ ਦੀ ਉਮਰ ਦੇ ਵੱਖ ਵੱਖ ਕਲਾਕਾਰਾਂ ਨੇ ਗਿੱਧੇ, ਭੰਗੜੇ, ਹੋਰ ਨ੍ਰਿਤ ਆਈਟਮਾਂ ਅਤੇ ਗੀਤ-ਸੰਗੀਤ ਰਾਹੀਂ ਆਏ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਹ ਪੀ ਸੀ ਐਸ ਦਾ ਹਰ ਸਾਲ ਵਿਸਾਖੀ ਮੌਕੇ ਕਰਵਾਇਆ ਜਾਂਦਾ 21ਵਾਂ ਰੰਗਲਾ ਪੰਜਾਬ ਪ੍ਰੋਗਰਾਮ ਸੀ।













ਪ੍ਰਬੰਧਕਾਂ ਅਨੁਸਾਰ ਕਰੀਬ 22 ਆਈਟਮਾਂ ਵਿਚ 200 ਤੋਂ ਵੱਧ ਕਲਾਕਾਰਾਂ ਨੇ ਹਿੱਸਾ ਲਿਆ ਜਿਸ ਦਾ ਅਨੰਦ ਵੱਡੀ ਗਿਣਤੀ ਵਿਚ ਪਹੁੰਚੇ ਦਰਸ਼ਕਾਂ ਨੇ ਬੜੀ ਤਸੱਲੀ ਨਾਲ ਮਾਣਿਆ।

ਪ੍ਰੋਗਰਾਮ ਦੇ ਗਰੈਂਡ ਸਪਾਂਸਰ ਮਿਲਵਾਕੀ ਤੋਂ ਡਾ. ਭੁਪਿੰਦਰ ਸਿੰਘ ਸੈਣੀ ਸਨ ਜਦਕਿ ਮੁੱਖ ਮਹਿਮਾਨ ਬਲਵਿੰਦਰ ਸਿੰਘ ਨਿੱਕ ਸਨ। ਦਰਸ਼ਕਾਂ ਨਾਲ ਮੁੱਖ ਮਹਿਮਾਨ ਦੀ ਜਾਣ-ਪਛਾਣ ਪਾਲ ਡੰਡੋਨਾ ਨੇ ਕਰਵਾਈ। ਇਲੀਨਾਏ ਦੇ 8ਵੇਂ ਕਾਂਗਰਸ ਡਿਸਟ੍ਰਿਕਟ ਤੋਂ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਥੀ ਅਤੇ ਗਰੇਟਰ ਪੈਲਾਟਾਈਨ ਏਰੀਏ ਤੋਂ ਡੈਮੋਕਰੈਟਿਕ ਕਾਂਗਰਸਮੈਨ ਮੈਟ ਫਲੈਮ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬੀ ਸਭਿਆਚਾਰ ਦੀ ਤਰੱਕੀ ਲਈ ਕੀਤੇ ਜਾ ਰਹੇ ਕੰਮ ਬਦਲੇ ਪੀ ਸੀ ਐਸ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਪ੍ਰੋਗਰਾਮ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ ਜਿਨ੍ਹਾਂ ਵਿਚ ਭੰਗੜੇ ਅਤੇ ਗਿੱਧੇ ਦੀਆਂ ਆਈਟਮਾਂ ਤੋਂ ਇਲਾਵਾ ਇਲੀਨਾਏ, ਵਿਸਕਾਨਸਿਨ, ਇੰਡੀਆਨਾ ਅਤੇ ਮਿਸ਼ੀਗਨ ਤੋਂ ਆਏ ਕਲਾਕਾਰਾਂ ਨੇ ਪੰਜਾਬੀ ਗੀਤ ਪੇਸ਼ ਕੀਤੇ।

ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਸਟੇਜ ਉਤੇ ਭੰਗੜਾ ਤੇ ਗਿੱਧਾ ਪਾਉਂਦੀਆਂ ਕੁੜੀਆਂ-ਚਿੜੀਆਂ ਇਉਂ ਲੱਗਦੀਆਂ ਸਨ ਜਿਵੇਂ ਪਰੀਆਂ ਨੱਚ ਰਹੀਆਂ ਹੋਣ। ਬੱਚਿਆਂ ਨੂੰ ਟਰੇਨਿੰਗ ਪੀ ਸੀ ਐਸ ਦੇ ਵਾਲੰਟੀਅਰਾਂ ਵਲੋਂ ਜਨਵਰੀ ਮਹੀਨੇ ਤੋਂ ਹੀ ਦਿੱਤੀ ਜਾ ਰਹੀ ਸੀ।

ਮਿਲਵਾਕੀ ਦੀਆਂ ਕੁੜੀਆਂ ਇਸ ਵਾਰ ਵੀ ਰੰਗਲਾ ਪੰਜਾਬ ਪ੍ਰੋਗਰਾਮ ਵਿਚ ਆਪਣੀ ਨ੍ਰਿਤ ਕਲਾ ਦੇ ਝੰਡੇ ਗੱਡ ਗਈਆਂ। ਭਾਵੇਂ ਮਿਲਵਾਕੀ ਦੀ ਵੱਡੀਆਂ ਕੁੜੀਆਂ ਦੀ ਗਿੱਧਾ ਟੀਮ ਕੁੜੀਆਂ ਦੇ ਵੱਖ ਵੱਖ ਕਾਲਜਾਂ/ਯੂਨੀਵਰਸਿਟੀਆਂ ਵਿਚ ਚਲੇ ਜਾਣ ਕਾਰਨ ਖਿੰਡ ਗਈ ਸੀ ਪਰ ਮਿਲਵਾਕੀ ਦੀਆਂ ਕੁੜੀਆਂ ਨੂੰ ਗਿੱਧੇ ਦੀ ਸਿਖਲਾਈ ਦੇਣ ਵਾਲੀ ਬੀਬੀ ਬੇਅੰਤ ਕੌਰ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਸ ਵਿਚ ਗਿੱਧੇ ਦੀ ਟਰੇਨਿੰਗ ਦੇਣ ਦੀ ਬੇਅੰਤ ਸਮਰਥਾ ਹੈ। ਇਹੋ ਵਜ੍ਹਾ ਸੀ ਕਿ ਮਿਲਵਾਕੀ ਗਿੱਧਾ ਟੀਮ ਆਪਣੀ ਕਲਾ ਨਾਲ ਦਰਸ਼ਕਾਂ ਦਾ ਮਨ ਮੋਹ ਗਈਆਂ। 'ਸ਼ੌਂਕਣਾਂ ਸ਼ਿਕਾਗੋ ਦੀਆਂ' ਗਿੱਧਾ ਟੀਮ ਨੇ ਦਰਸ਼ਕਾਂ ਨੂੰ ਪਿੰਡਾਂ ਵਿਚ ਵਿਆਹਾਂ-ਸ਼ਾਦੀਆਂ 'ਤੇ ਪੈਂਦਾ ਗਿੱਧਾ ਇਕ ਵਾਰ ਮੁੜ ਚੇਤੇ ਕਰਵਾ ਦਿੱਤਾ। ਰੰਗ-ਬਰੰਗੀਆਂ ਪੁਸ਼ਕਾਂ ਵਿਚ ਸਜੀਆਂ ਇਨ੍ਹਾਂ ਕੁੜੀਆਂ ਨੇ ਸੰਗੀਤ ਦੀਆਂ ਤੇਜ ਧੁਨਾਂ ਅਤੇ ਅਦਾਕਾਰੀ ਰਾਹੀਂ ਦਰਸ਼ਕਾਂ ਦੀ ਖੂਬ ਬੱਲੇ ਬੱਲੇ ਹਾਸਲ ਕੀਤੀ।

ਯੂਨੀਵਰਸਿਟੀ ਆਫ ਇਲੀਨਾਏ, ਸ਼ਿਕਾਗੋ ਦੀ ਯੂ ਆਈ ਸੀ ਭੰਗੜਾ ਟੀਮ ਨੇ ਭੰਗੜੇ ਦੀਆਂ ਧਮਾਲਾਂ ਪਾ ਕੇ ਸਟੇਜ ਪੱਟਣੀ ਲਾ ਦਿੱਤੀ।

ਇਸ ਤੋਂ ਇਲਾਵਾ ਸਥਾਨਕ ਭਾਈਚਾਰੇ ਦੇ ਬੱਚਿਆਂ ਅਤੇ ਵਡੇਰੀ ਉਮਰ ਦੇ ਕਲਾਕਾਰਾਂ ਵਲੋਂ ਗਿੱਧੇ, ਭੰਗੜੇ ਅਤੇ ਨ੍ਰਿਤ ਦੀਆਂ ਬਹੁਤ ਸਾਰੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਨੇ ਪੰਜਾਬੀ ਸਭਿਆਚਾਰ ਦਾ ਰੰਗ ਬਿਖੇਰਿਆ। ਉਂਜ ਇਨ੍ਹਾਂ ਵਿਚੋਂ ਬਹੁਤੀਆਂ ਆਈਟਮਾਂ ਵੱਖ ਵੱਖ ਗੀਤਾਂ ਦੀ ਬੀਟ ਉਤੇ ਆਧਾਰਤ ਸਨ। ਬਹੁਤ ਸਾਰੇ ਵੈਂਡਰਾਂ ਨੇ ਕਲੱਬ ਦੀ ਲਾਬੀ ਵਿਚ ਵੱਖ ਵੱਖ ਤਰ੍ਹਾਂ ਦੇ ਸਾਜੋ ਸਾਮਾਨ ਦੀ ਵਿਕਰੀ ਲਈ ਆਪਣੇ ਸਟਾਲ ਲਾਏ ਹੋਏ ਸਨ। ਇਸ ਤੋਂ ਇਲਾਵਾ ਦੂਜੀ ਵਿਸ਼ਵ ਜੰਗ ਵਿਚ ਲੜਨ ਵਾਲੇ ਸਿੱਖ ਫੌਜੀਆਂ ਬਾਰੇ ਇਕ ਨੁਮਾਇਸ਼ ਵੀ ਲਾਈ ਗਈ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਪੀ ਸੀ ਐਸ ਦੇ ਮੀਤ ਪ੍ਰਧਾਨ ਗੁਰਮੀਤ ਸਿੰਘ ਢਿੱਲੋਂ ਵਲੋਂ ਆਏ ਦਰਸ਼ਕਾਂ ਨੂੰ ਜੀ ਆਇਆਂ ਕਹਿਣ ਨਾਲ ਹੋਈ ਅਤੇ ਇਸ ਪਿਛੋਂ ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ 'ਦੇਹ ਸ਼ਿਵਾ ਬਰ ਮੋਹਿ ਏਹੈ ਸ਼ੁਭ ਕਰਮਨ ਤੇ ਕਬਹੁ ਨਾ ਟਰੋਂ' ਸ਼ਬਦ ਦਾ ਗਾਇਨ ਕੀਤਾ।

ਗਾਇਕਾ ਕੰਚਨ ਨੇ ਪੰਜਾਬੀ ਗੀਤ 'ਤੇਰੇ ਲੜ ਲੱਗੀ ਆਂ', ਪ੍ਰਭਾ ਜੈਰਥ ਨੇ 'ਮੈਂ ਤੈਨੂੰ ਸਮਝਾਵਾਂ ਕੀ', ਮਾਹੀਜੀਤ ਸਿੰਘ ਵਿਰਦੀ ਨੇ ਆਪਣੇ ਗੀਤ ਨਾਲ ਹਾਜ਼ਰੀ ਲੁਆਈ ਜਦਕਿ ਮੋਨਾ ਭੱਲਾ ਅਤੇ ਉਸ ਦੀਆਂ ਧੀਆਂ ਨੇ 'ਚਿੱਟੀਆਂ ਕਲੀਆਂ' ਗੀਤ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹਿਆ। ਪ੍ਰੀਨਾ ਮਹਿਰੋਤਰਾ ਨੇ 'ਸਾਨੂੰ ਨਹਿਰ ਵਾਲੇ ਪੁਲ 'ਤੇ ਬੁਲਾ ਕੇ' ਗੀਤ, ਮਨਦੀਪ ਸਿੰਘ ਸੈਣੀ ਨੇ 'ਪਟਿਆਲਾ ਪੈਗ' ਗੀਤ, ਸੰਜੀਵ ਵਿਜ ਨੇ 'ਜੱਟ ਯਮਲਾ ਪਗਲਾ ਦੀਵਾਨਾ' ਗੀਤ ਅਤੇ ਤਾਰਾ ਮੁਲਤਾਨੀ ਨੇ ਕਬੱਡੀ ਦੀ ਮਹਿਮਾ ਵਿਚ ਇਕ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਖੁਸ਼ ਕੀਤਾ।

ਇਸ ਰੰਗਾਰੰਗ ਪ੍ਰੋਗਰਾਮ ਦਾ ਸੰਚਾਲਨ ਜਸਲੀਨ ਕੌਰ ਨਨੂਆ ਤੇ ਅਮਰਜੀਤ ਕੌਰ ਸੰਧੂ, ਰਣਜੀਤ ਸਿੰਘ ਬੈਂਸ ਤੇ ਅਜੇ ਭੰਗੂ, ਮੋਨਾ ਭੱਲਾ ਅਤੇ ਗੁਰ ਧਾਲੀਵਾਲ ਤੇ ਠਾਕਰ ਸਿੰਘ ਬਸਾਤੀ ਨੇ ਬਾਖੂਬੀ ਕੀਤਾ। ਰਾਜਿੰਦਰ ਸਿੰਘ ਮਾਗੋ ਨੇ ਬਿਕਰਮ ਸਿੰਘ ਚੌਹਾਨ, ਗਗਨਦੀਪ ਸਿੰਘ ਮੁਲਤਾਨੀ ਅਤੇ ਰਾਏਬਰਿੰਦਰ ਸਿੰਘ ਘੋਤੜਾ ਦੇ ਸਹਿਯੋਗ ਨਾਲ ਬੈਕ ਸਟੇਜ ਤਾਲਮੇਲ ਕੀਤਾ।

ਕਰੀਬ ਚਾਰ ਘੰਟੇ ਚੱਲੇ ਇਸ ਪ੍ਰੋਗਰਾਮ ਉਤੇ ਟਿਪਣੀ ਕਰਦਿਆਂ ਨਾਰਥ ਵੈਸਟ ਯੂਨੀਵਰਸਿਟੀ ਦੇ ਪ੍ਰੋਫੈਸਰ ਸੰਜੇ ਮਹਿਰੋਤਰਾ ਨੇ ਕਿਹਾ ਕਿ ਪ੍ਰੋਗਰਾਮ ਇੰਨਾ ਵਧੀਆ ਰਿਹਾ ਕਿ ਮੇਰੀਆਂ ਅੱਖਾਂ ਤਾਂ ਸਟੇਜ ਉਤੇ ਹੀ ਲਗਾਤਾਰ ਟਿਕੀਆਂ ਰਹੀਆਂ।

ਪ੍ਰੋਗਰਾਮ ਦੌਰਾਨ ਪੀ ਸੀ ਐਸ ਵਲੋਂ ਆਪਣੇ ਬੋਰਡ ਆਫ ਗਵਰਨਰਜ਼ ਅਤੇ ਸਲਾਹਕਾਰੀ ਬੋਰਡ ਦੀ ਜਾਣ-ਪਛਾਣ ਦਰਸ਼ਕਾਂ ਨਾਲ ਕਰਵਾਈ ਗਈ। ਸਾਲ 2015 ਲਈ ਪੀ ਸੀ ਐਸ ਦੇ ਡਾਇਰੈਕਟਰਾਂ ਦੇ ਬੋਰਡ ਵਿਚ ਆਨਰੇਬਲ ਚੇਅਰਮੈਨ ਅੰਮ੍ਰਿਤਪਾਲ ਸਿੰਘ ਸੰਘਾ, ਪ੍ਰਧਾਨ ਵਿਕ ਸਿੰਘ, ਮੀਤ ਪ੍ਰਧਾਨ ਗੁਰਮੀਤ ਸਿੰਘ ਢਿੱਲੋਂ, ਕਾਰਜਕਾਰੀ ਸਕੱਤਰ ਬਿਕਰਮ ਸਿੰਘ ਚੌਹਾਨ, ਵਿੱਤ ਸਕੱਤਰ ਸੁਰਿੰਦਰ ਸਿੰਘ ਪਾਲੀਆ, ਸਪੋਰਟਸ ਡਾਇਰੈਕਟਰ ਮਨਜੀਤ ਸਿੰਘ ਭੱਲਾ, ਯੂਥ ਡਾਇਰੈਕਟਰ ਪਰਵਿੰਦਰ ਸਿੰਘ ਨਨੂਆ, ਇੰਟਰ ਕਮਿਊਨਿਟੀ ਡਾਇਰੈਕਟਰ ਗਗਨਦੀਪ ਸਿੰਘ ਮੁਲਤਾਨੀ ਅਤੇ ਰਾਏਬਰਿੰਦਰ ਸਿੰਘ ਘੋਤੜਾ ਨੂੰ ਲਿਆ ਗਿਆ ਹੈ।

ਇਸ ਮੌਕੇ ਵੱਖ ਵੱਖ ਸ਼ਖਸੀਅਤਾਂ ਦਾ ਮਾਣ-ਸਨਮਾਨ ਕੀਤਾ ਗਿਆ ਅਤੇ ਇਹ ਰਸਮ ਰਾਜਿੰਦਰ ਸਿੰਘ ਮਾਗੋ ਵਲੋਂ ਸੰਨੀ ਕੁਲਾਰ ਤੇ ਮਹਿੰਦਰਜੀਤ ਸੈਣੀ ਦੇ ਸਹਿਯੋਗ ਨਾਲ ਨਿਭਾਈ ਗਈ। ਪੀ ਸੀ ਐਸ ਦੇ ਅਹੁਦਾ ਛੱਡ ਰਹੇ ਪ੍ਰਧਾਨ ਪਰਦੀਪ ਸਿੰਘ ਦਿਓਲ ਨੂੰ ਸ਼ਾਨਦਾਰ ਸੇਵਾਵਾਂ ਬਦਲੇ ਯਾਦਗਾਰੀ ਚਿੰਨ੍ਹ ਦਿੱਤਾ ਗਿਆ ਜਿਨ੍ਹਾਂ ਸਹਿਯੋਗ ਲਈ ਆਪਣੀ



ਸਾਰੀ ਟੀਮ ਦਾ ਧੰਨਵਾਦ ਕੀਤਾ। ਸਾਲ 2014 ਲਈ ਚੇਅਰਮੈਨ ਡਾ. ਹਰਗੁਰਮੁਖਪਾਲ ਸਿੰਘ ਦਾ ਵੀ ਪਲੇਕ ਦੇ ਕੇ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਪੀ ਸੀ ਐਸ ਵਲੋਂ ਕੀਤੇ ਜਾ ਰਹੇ ਕੰਮ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪੀ ਸੀ ਐਸ ਨਾਲ ਉਦੋਂ ਤੋਂ ਹੀ ਜੁੜੇ ਹੋਏ ਹਨ ਜਦੋਂ ਉਨ੍ਹਾਂ ਦੇ ਬੱਚੇ ਅਜੇ ਬਹੁਤ ਛੋਟੇ ਸਨ।

ਡਾ. ਭੁਪਿੰਦਰ ਸਿੰਘ ਸੈਣੀ ਦਾ ਉਨ੍ਹਾਂ ਵਲੋਂ ਪੀ ਸੀ ਐਸ ਦੀ ਲਗਾਤਾਰ ਕੀਤੀ ਜਾ ਰਹੀ ਇਖਲਾਕੀ ਅਤੇ ਮਾਲੀ ਮਦਦ ਬਦਲੇ ਅਹੁਦਾ ਛੱਡ ਰਹੇ ਚੇਅਰਮੈਨ ਡਾ. ਹਰਗੁਰਮੁਖਪਾਲ ਸਿੰਘ, ਪ੍ਰਧਾਨ ਵਿਕ ਸਿੰਘ ਅਤੇ ਪੀ ਸੀ ਐਸ ਦੇ ਹੋਰ ਅਹੁਦੇਦਾਰਾਂ ਨੇ ਇਕ ਪਲੇਕ ਦੇ ਕੇ ਸਨਮਾਨ ਕੀਤਾ। ਡਾ. ਸੈਣੀ ਨੇ ਇਸ ਮੌਕੇ ਬੋਲਦਿਆਂ ਪੀ ਸੀ ਐਸ ਦੇ ਨਿਸ਼ਠਾਵਾਨ ਬੋਰਡ ਮੈਂਬਰਾਂ ਵਲੋਂ ਕੀਤੇ ਜਾ ਰਹੇ ਕੰਮ ਦੀ ਭਰਵੀਂ ਸ਼ਲਾਘਾ ਕੀਤੀ ਅਤੇ ਪੰਜਾਬੀ ਭਾਈਚਾਰੇ ਨੂੰ ਪੀ ਸੀ ਐਸ ਦੀ ਭਰਵੀਂ ਮਦਦ ਕਰਨ ਦੀ ਅਪੀਲ ਕੀਤੀ ਤਾਂ ਜੋ ਪੰਜਾਬੀ ਸਭਿਆਚਾਰ ਨੂੰ ਹੋਰ ਪ੍ਰਫੁਲਿਤ ਕੀਤਾ ਜਾ ਸਕੇ।

ਪੀ ਸੀ ਐਸ ਦੇ ਪ੍ਰਧਾਨ ਵਿਕ ਸਿੰਘ ਨੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ, ਕੋਆਰਡੀਨੇਟਰਾਂ, ਸਪਾਂਸਰਾਂ ਅਤੇ ਵਾਲੰਟੀਅਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਪਰਦੀਪ ਸਿੰਘ ਦਿਓਲ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਵਿਸ਼ੇਸ਼ ਜ਼ਿੰਮੇਵਾਰੀ ਨਿਭਾਉਣੀ ਪਵੇਗੀ ਅਤੇ ਭੰਗੜਾ ਜਾਂ ਗਿੱਧਾ ਸਿਖਾਉਣ ਲਈ ਪੀ ਸੀ ਐਸ ਹਰ ਤਰ੍ਹਾਂ ਦੀ ਮਦਦ ਕਰੇਗੀ।

ਪ੍ਰੋਗਰਾਮ ਦਾ ਪ੍ਰਬੰਧ ਕਰਨ ਵਿਚ ਵਿਕ ਸਿੰਘ, ਗੁਰਮੀਤ ਸਿੰਘ ਢਿੱਲੋਂ, ਬਿਕਰਮ ਸਿੰਘ ਚੌਹਾਨ, ਮਨਜੀਤ ਸਿੰਘ ਭੱਲਾ, ਪਰਵਿੰਦਰ ਸਿੰਘ ਨਨੂਆ, ਗਗਨਦੀਪ ਸਿੰਘ ਮੁਲਤਾਨੀ, ਰਾਏਬਰਿੰਦਰ ਸਿੰਘ ਘੋਤੜਾ, ਪਰਦੀਪ ਸਿੰਘ ਦਿਓਲ, ਰੋਨੀ ਕੁਲਾਰ, ਸੁਰਿੰਦਰ ਸਿੰਘ ਸੰਘਾ, ਸੰਨੀ ਕੁਲਾਰ, ਬਲਵਿੰਦਰ ਸਿੰਘ ਗਿਰਨ, ਮਹਿੰਦਰਜੀਤ ਸਿੰਘ ਸੈਣੀ, ਬਲਜੀਤ ਸਿੱਧੂ, ਪਰਮਿੰਦਰ ਸਿੰਘ ਘੋਤੜਾ, ਠਾਕਰ ਸਿੰਘ ਬਸਾਤੀ, ਸੁਖਮੇਲ ਸਿੰਘ ਅਟਵਾਲ, ਅਮਰਜੀਤ ਕੌਰ ਅਟਵਾਲ, ਭਿੰਦਰ ਸਿੰਘ ਪੰਮਾ, ਓਂਕਾਰ ਸਿੰਘ ਸੰਘਾ ਅਤੇ ਰਾਜਿੰਦਰ ਸਿੰਘ ਮਾਗੋ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਗਿੱਧੇ, ਭੰਗੜੇ ਅਤੇ ਹੋਰ ਕਲਾਕ੍ਰਿਤਾਂ ਲਈ ਸਿਖਲਾਈ ਪੀ ਸੀ ਐਸ ਦੇ ਕੋਆਰਡੀਨੇਟਰਾਂ ਨੇ ਦਿੱਤੀ।

ਪੀ ਸੀ ਐਸ ਵਲੋਂ ਇਸ ਸਾਲ ਕੀਤਾ ਜਾਣ ਵਾਲਾ ਅਗਲਾ ਪ੍ਰੋਗਰਾਮ ਪੰਜਾਬੀ ਯੂਥ ਗ੍ਰੈਜੂਏਸ਼ਨ ਅਤੇ ਸਕਾਲਰਸ਼ਿਪ ਨਾਈਟ ਹੋਵੇਗਾ ਜੋ ਕਿ ਆਉਂਦੀ 14 ਜੂਨ ਨੂੰ ਲਾਮਬਾਰਡ ਵਿਚ ਵਾਇਸਰਾਏ ਆਫ ਇੰਡੀਆ ਦੇ ਬੈਂਕੁਇਟ ਹਾਲ ਵਿਚ ਹੋਵੇਗਾ। ਸੰਸਥਾ ਨੇ ਰੰਗਲਾ ਪੰਜਾਬ ਪ੍ਰੋਗਰਾਮ ਦੇ ਕਲਾਕਾਰਾਂ ਅਤੇ ਇਸ ਸਾਲ ਦੇ ਗ੍ਰੈਜੂਏਟਾਂ ਨੂੰ ਇਸ ਪ੍ਰੋਗਰਾਮ ਲਈ ਆਪਣੇ ਨਾਂ ਰਜਿਸਟਰ ਕਰਾਉਣ ਲਈ ਕਿਹਾ ਹੈ। ਪੀ ਸੀ ਐਸ ਖੇਡ ਮੇਲਾ 26 ਜੁਲਾਈ ਨੂੰ ਫੈਲਕਨ ਪਾਰਕ, ਪੈਲਾਟਾਈਨ ਵਿਚ ਹੋਵੇਗਾ।













# ਦਸ਼ਮੇਸ਼ ਸਿੱਖ ਗੁਰਦੁਆਰਾ, ਫੋਰਟਵੇਨ (ਇੰਡੀਆਨਾ)

## ਸਮੂਹ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ ਜੀ




ਆਪ ਸਮੂਹ ਸੰਗਤਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਅਤੇ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਹੁਣ ਮੁਕੰਮਲ ਹੋ ਚੁਕੀ ਹੈ ਅਤੇ ਇਸ ਦਾ ਉਦਘਾਟਨੀ ਸਮਾਗਮ ਸਨਿਚਰਵਾਰ 16 ਮਈ 2015 ਨੂੰ ਹੋਵੇਗਾ। ਆਪ ਜੀ ਜਾਣਦੇ ਹੀ ਹੋ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ 2013 ਦੀ ਵਿਸਾਖੀ ਨੂੰ ਰੱਖਿਆ ਗਿਆ ਸੀ। ਇਹ ਬਿਲਡਿੰਗ 8500 ਸਕੁਏਅਰ ਫੁੱਟ ਵਿਚ ਹੈ ਜਿਸ ਵਿਚ ਦੀਵਾਨ ਹਾਲ, ਲਾਬੀ, ਲੰਗਰ ਹਾਲ, ਲਾਇਬਰੇਰੀ, ਪੰਜਾਬੀ ਕਲਾਸ ਰੂਮ, ਰਾਗੀ ਸਿੰਘਾਂ ਤੇ ਪਾਠੀ ਸਿੰਘਾਂ ਅਤੇ ਸੰਗਤ ਦੇ ਰਹਿਣ ਲਈ ਤਿੰਨ ਕਮਰੇ ਸ਼ਾਮਲ ਹਨ।

ਇਸ ਪਵਿੱਤਰ ਮੌਕੇ ਅਖੰਡ ਪਾਠ ਦਾ ਅਰੰਭ ਵੀਰਵਾਰ 14 ਮਈ 2015 ਨੂੰ ਸਵੇਰੇ 10:00 ਵਜੇ ਹੋਵੇਗਾ ਅਤੇ ਭੋਗ ਸਨਿਚਰਵਾਰ 16 ਮਈ 2015 ਨੂੰ ਸਵੇਰੇ 10:30 ਵਜੇ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ-ਢਾਡੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਸ਼ਬਦ ਕੀਰਤਨ, ਢਾਡੀ ਵਾਰਾਂ ਅਤੇ ਗੁਰ ਸ਼ਬਦ ਵਿਆਖਿਆ ਰਾਹੀਂ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਓ ਜੀ।

**ਬੇਨਤੀ ਕਰਤਾ: ਪ੍ਰਬੰਧਕ ਕਮੇਟੀ**



ਰੇਸ਼ਮ ਸਿੰਘ
ਪ੍ਰਧਾਨ



ਕਰਨੈਲ ਸਿੰਘ
ਮੀਤ ਪ੍ਰਧਾਨ



ਮਹਿੰਦਰ ਸਿੰਘ
ਜਨਰਲ ਸਕੱਤਰ



ਮੁਖਤਿਆਰ ਸਿੰਘ
ਖਜ਼ਾਨਚੀ



ਸੁਖਵਿੰਦਰ ਸਿੰਘ
ਸਟੇਜ ਸਕੱਤਰ



ਦਲਬੀਰ ਸਿੰਘ
ਕਮੇਟੀ ਮੈਂਬਰ



ਸਵਰਨ ਕੌਰ
ਕਮੇਟੀ ਮੈਂਬਰ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਰੇਸ਼ਮ ਸਿੰਘ 260-341-7667, ਕਰਨੈਲ ਸਿੰਘ 260-438-3717, ਮਹਿੰਦਰ ਸਿੰਘ 260-705-0712, ਮੁਖਤਿਆਰ ਸਿੰਘ 260-615-9927
ਸੁਖਵਿੰਦਰ ਸਿੰਘ 260-445-0165, ਦਲਬੀਰ ਸਿੰਘ 260-804-6850, ਸਵਰਨ ਕੌਰ 260-436-4326

**Dashmesh Sikh Gurdwara, Fortwayne, IN**

15020 Illinois Rd., Fortwayne, IN, 46814, Ph:260-625-3507, Website: www.DashmeshSikhGurudwara.com

# ਗੁਰਦੁਆਰਾ ਪੈਲਾਟਾਈਨ 'ਚ ਕਾਰ ਸੇਵਕਾਂ ਨੇ ਕੀਤੀ ਸਾਂਭ ਸੰਭਾਲ ਤੇ ਸਫਾਈ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਵਿਚ ਕਾਰ ਸੇਵਕਾਂ ਦੇ ਜਥੇ ਨੇ ਲੰਘੀ 4 ਅਪਰੈਲ ਨੂੰ ਗੁਰੂਘਰ ਦੇ ਅੰਦਰ ਅਤੇ ਬਾਹਰ ਸਾਫ-ਸਫਾਈ ਅਤੇ ਟੁਟ-ਭੱਜ ਠੀਕ ਕਰਨ ਲਈ ਸਾਰਾ ਦਿਨ ਕਾਰ ਸੇਵਾ ਕੀਤੀ, ਜਿਸ ਵਿਚ ਹਰ ਉਮਰ ਦੇ ਕਰੀਬ 200 ਕਾਰ ਸੇਵਕਾਂ ਨੇ ਹਿੱਸਾ ਲਿਆ।

ਇਥੇ ਜ਼ਿਕਰਯੋਗ ਹੈ ਕਿ ਐਸ ਆਰ ਐਸ ਕੋਆਰਡੀਨੇਟਰਾਂ ਨੇ ਪਿਛਲੇ ਸਾਲ ਵਿਚ ਤਿੰਨ ਵਡੇ ਕਾਰ ਸੇਵਾ ਕਾਰਜ ਹਰ ਸਾਲ ਕਰਨ ਦਾ ਫੈਸਲਾ ਲਿਆ ਸੀ। ਇਨ੍ਹਾਂ ਵਿਚੋਂ ਪਹਿਲਾ ਖਾਲਸਾ ਸਾਜਨਾ ਦਿਵਸ ਤੋਂ ਪਹਿਲਾਂ, ਦੂਜਾ ਗਰਮੀਆਂ ਦੌਰਾਨ ਅਤੇ ਤੀਜਾ ਗੁਰੁ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ। ਸਾਲ 2015 ਦੀ ਪਹਿਲੀ ਕਾਰ ਸੇਵਾ ਲੰਘੀ 4 ਅਪਰੈਲ ਨੂੰ ਕੀਤੀ ਗਈ। ਕਾਰ ਸੇਵਾ ਤੜਕਸਾਰ ਸ਼ੁਰੂ ਹੋਈ ਅਤੇ ਦੇਰ ਸ਼ਾਮ ਤਕ ਚਲਦੀ ਰਹੀ। ਕੁਝ ਉਤਸ਼ਾਹੀ ਸੇਵਾਦਾਰਾਂ ਨੇ ਸ਼ੁਕਰਵਾਰ ਰਾਤ ਨੂੰ ਹੀ ਗੁਰੂਘਰ ਦੇ ਲੰਗਰ ਹਾਲ ਅਤੇ ਰਸੋਈ ਦੀ ਸਟੀਮ ਪਾਵਰ ਵਾਸ਼ਰ ਨਾਲ ਸਾਫ-ਸਫਾਈ ਦਾ ਕੰਮ ਅਰੰਭ ਦਿਤਾ ਸੀ।

ਸਨਿਚਰਵਾਰ ਨੂੰ ਕਾਰ ਸੇਵਕਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ ਅਤੇ ਬਾਹਰਲੇ ਆਲੇ-ਦੁਆਲੇ ਦੀ ਸਾਫ-ਸਫਾਈ ਕੀਤੀ ਅਤੇ ਜਿਥੇ ਕਿਤੇ ਵੀ ਸਾਂਭ-ਸੰਭਾਲ ਜਾਂ ਮੁਰੰਮਤ ਦੀ ਲੋੜ ਸੀ, ਕੀਤੀ। ਕਾਰਸੇਵਕਾਂ ਨੇ ਜਿਹੜੇ ਮੁਖ ਕੰਮ ਕੀਤੇ, ਉਨ੍ਹਾਂ ਵਿਚ ਗੁਰੂਘਰ ਦੇ ਸਾਮਾਨ ਦੀ ਸਾਫ-ਸਫਾਈ, ਗਿਣਤੀ-ਮਿਣਤੀ, ਸ਼ੀਸ਼ੇ ਤੇ ਦਰਵਾਜਿਆਂ ਅਤੇ ਖਿੜਕੀਆਂ ਦੀ ਸਾਫ ਸਫਾਈ, ਵੈਕਿਊਮ ਕਲੀਨਿੰਗ, ਕਿਚਨ ਅਤੇ ਬਾਹਰ ਨਿਸ਼ਾਨ ਸਾਹਿਬ ਦੇ ਆਲੇ-ਦੁਆਲੇ ਦੀ ਸਟੀਮ ਪਾਵਰਵਾਸ਼ ਨਾਲ ਸਫਾਈ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਬਾਗ-ਬਗੀਚੇ ਅਤੇ ਘਾਹ ਦੀ ਕਾਂਟ-ਛਾਂਟ ਕੀਤੀ ਗਈ। ਕਾਰ ਸੇਵਕਾਂ ਦੀ ਮਕੈਨੀਕਲ ਟੀਮ ਨੇ ਕਿਚਨ ਵਿਚ ਕੁਕਰ, ਹੀਟਿੰਗ ਸਿਸਟਮ ਵਗੈਰਾ ਠੀਕ ਕੀਤੇ ਅਤੇ ਟਿਊਬਾਂ ਅਤੇ ਵਾਲਵ ਬਦਲੇ।

ਕਾਰ ਸੇਵਾ ਦਾ ਕੰਮ ਸਾਰਾ ਦਿਨ ਚਲਦਾ ਰਿਹਾ ਅਤੇ ਕਾਰ ਸੇਵਕ ਬੜੇ ਉਤਸ਼ਾਹ ਨਾਲ ਕੰਮ ਕਰਦੇ ਰਹੇ। ਉਨ੍ਹਾਂ ਲਈ ਲੰਗਰ ਤੇ ਚਾਹ-ਪਾਣੀ ਦਾ ਪ੍ਰਬੰਧ ਕਾਰ ਸੇਵਾ ਵਾਲੀਆਂ ਬੀਬੀਆਂ ਦੀ ਟੀਮ ਨੇ ਕੀਤੀ। ਦੁਪਹਿਰ ਦੇ ਖਾਣੇ ਵਿਚ ਪੀਜ਼ੇ ਦੀ ਸੇਵਾ ਜਸਪਾਲ ਸਿੰਘ ਕਲੇਰ ਅਤੇ ਸੁਜ਼ਾਨਾ ਅਲਵਾਰਾਡੋ ਨੇ ਕੀਤੀ।

ਇਸ ਮੌਕੇ ਬਲਵਿੰਦਰ (ਬਾਬ) ਸੰਧੂ ਅਤੇ ਸੋਨੀ ਜੱਜ ਵਲੋਂ ਕਾਰ ਸੇਵਾ ਦੇ ਕੰਮ ਨੂੰ ਸੁਖਾਲਾ ਕਰਨ ਲਈ ਇਕ ਨਵੀਂ ਗੋਲਫ ਕਾਰਟ ਭੇਟ ਕੀਤੀ ਗਈ। ਇਹ ਕਾਰਟ ਕਾਰ ਸੇਵਾ ਦਾ ਸਮਾਨ ਸਟੋਰੇਜ ਸ਼ੈਡ ਤੋਂ ਕੰਮ ਵਾਲੇ ਸਥਾਨ 'ਤੇ ਲਿਜਾਣ ਵਿਚ ਮਦਦ ਕਰੇਗੀ। ਉਨ੍ਹਾਂ ਇਸ ਦੀਆਂ ਚਾਬੀਆਂ ਗੁਰਦੁਆਰਾ ਸਾਹਿਬ ਦੇ ਮੁਖ ਸੇਵਾਦਾਰ ਬੀਬੀ ਜਸਬੀਰ ਕੌਰ ਸਲੂਜਾ ਅਤੇ ਕਾਰ ਸੇਵਕਾਂ ਦੇ ਸਪੁਰਦ ਕੀਤੀਆਂ। ਬੀਬੀ ਸਲੂਜਾ ਨੇ ਬਾਬ ਸੰਧੂ ਅਤੇ ਸੋਨੀ ਜੱਜ ਦਾ ਧੰਨਵਾਦ ਕੀਤਾ। ਚੇਤੇ ਰਹੇ, ਇਸ ਤੋਂ ਪਹਿਲਾਂ ਵੀ ਬਾਬ ਸੰਧੂ ਵਲੋਂ ਗੁਰਦੁਆਰਾ ਸਾਹਿਬ ਨੂੰ ਕਮਰਸ਼ੀਅਲ ਲਾਅਨ ਮੂਵਰ ਭੇਟਾ ਕੀਤਾ ਗਿਆ ਸੀ ਜੋ ਪਿਛਲੇ ਅੱਠ ਸਾਲਾਂ ਤੋਂ ਘਾਹ ਕੱਟਣ ਲਈ ਵਰਤਿਆ ਜਾ ਰਿਹਾ ਹੈ ਜਿਸ ਨਾਲ ਗੁਰਦੁਆਰਾ ਸਾਹਿਬ ਦੀ ਲਗਭਗ ਦੋ ਹਜ਼ਾਰ ਡਾਲਰ ਮਾਸਿਕ ਬੱਚਤ ਹੁੰਦੀ ਹੈ।














# ਗੁਰਦੁਆਰਾ ਸਿੰਘ ਸਭਾ ਆਫ ਕੈਂਟਨ ਮਿਸ਼ੀਗਨ

**3310 (S) CANTON CENTER RD., CANTON MI 48188, Ph# 734-397-7281**

## ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

## ਅੰਮ੍ਰਿਤ ਸੰਚਾਰ 25 ਅਪ੍ਰੈਲ 2015 ਸਨਿਚਰਵਾਰ

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਸਬੰਧ ਵਿਚ ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ ਵਿਖੇ 25 ਅਪ੍ਰੈਲ 2015, ਸਨਿਚਰਵਾਰ (12:30 ਵਜੇ) ਨੂੰ ਅੰਮ੍ਰਿਤ ਸੰਚਾਰ ਹੋ ਰਿਹਾ ਹੈ। ਜਿਹੜੇ ਪ੍ਰਾਣੀਆਂ ਨੇ ਅਜੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਨਹੀਂ ਕੀਤਾ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਅੰਮ੍ਰਿਤ ਛਕਣ ਲਈ ਆਪਣੇ ਨਾਂ ਗੁਰਦੁਆਰਾ ਸਾਹਿਬ ਆ ਕੇ ਜਾਂ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰਕੇ ਲਿਖਵਾਉਣ ਦੀ ਕਿਰਪਾਲਤਾ ਕਰਨ ਜੀ।



ਗੁਰਦੁਆਰਾ ਸਿੰਘ ਸਭਾ ਆਫ ਕੈਂਟਨ ਮਿਸ਼ੀਗਨ

**ਫੋਨ: ਗੁਰਦੁਆਰਾ 734-397-7281 ਅਤੇ 734-756-7338**
**e-mail: mgmt@singhsabhaofmi.org**

# ਪੰਜਾਬੀ ਐਸੋਸੀਏਸ਼ਨ 'ਹੱਸਦਾ ਪੰਜਾਬ' ਨੇ ਕਰਵਾਇਆ ਵਿਸਾਖੀ ਮੇਲਾ

**ਡੈਲਸ, ਟੈਕਸਸ (ਬਿਊਰੋ):** ਸਥਾਨਕ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵਲੋਂ ਕਰਵਾਏ ਗਏ ਵਿਸਾਖੀ ਮੇਲੇ ਉਤੇ ਖੂਬ ਰੌਣਕਾਂ ਲੱਗੀਆਂ ਅਤੇ ਮੇਲੀਆਂ ਨੇ ਸਭਿਆਚਾਰਕ ਪ੍ਰੋਗਰਾਮ ਦਾ ਭਰਪੂਰ ਅਨੰਦ ਮਾਣਿਆ। ਪਰਿਵਾਰਕ ਮਾਹੌਲ ਵਾਲੇ ਇਸ ਮੇਲੇ ਵਿਚ ਜਿਥੇ ਪੰਜਾਬੀਆਂ ਨੇ ਨੱਚ-ਨੱਚ ਕੇ ਖੂਬ ਧਮਾਲ ਪਾਈ, ਉਥੇ ਪੰਜਾਬੀ ਗੀਤ-ਸੰਗੀਤ ਦੀ ਗੂੰਜ ਨੇ ਆਡੀਟੋਰੀਅਮ ਨੂੰ ਪੰਜਾਬੀਅਤ ਦੀ ਖੁਸ਼ਬੋਈ ਨਾਲ ਮਹਿਕਣ ਲਾ ਦਿੱਤਾ।

ਪਲੈਨੋ ਸਿਵਿਕ ਸੈਂਟਰ ਵਿਚ ਕਰਵਾਇਆ ਗਿਆ ਇਹ ਮੇਲਾ ਬਾਅਦ ਦੁਪਹਿਰ ਕਰੀਬ ਤਿੰਨ ਵਜੇ ਸ਼ੁਰੂ ਹੋਇਆ। ਪ੍ਰੋਗਰਾਮ ਦਾ ਆਗਾਜ਼ ਅਕਾਲ ਪੁਰਖ ਅੱਗੇ ਅਰਦਾਸ ਨਾਲ ਹੋਇਆ। ਉਪਰੰਤ ਕਲੀਆਂ ਦੇ ਬਾਦਸ਼ਾਹ ਮਰਹੂਮ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਮੰਚ 'ਤੇ ਆ ਕੇ ਸ਼ਬਦਾਂ ਨੂੰ ਮੋਤੀਆਂ ਵਾਂਗ ਪਰੋ ਕੇ ਬੜੀ ਰਵਾਨੀ ਨਾਲ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਸ਼ਕਤੀ ਮਾਣਕ ਨਾਲ ਮੰਚ ਸੰਚਾਲਨ 'ਚ ਮਨਧੀਰ ਬੱਲ ਨੇ ਸਾਥ ਦਿੱਤਾ।

ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਭੰਗੜੇ ਤੇ ਗਿੱਧੇ ਦੀਆਂ ਟੀਮਾਂ ਨੇ ਆਪਣੀ ਪੇਸ਼ਕਾਰੀ ਕੀਤੀ ਤਾਂ ਦਰਸ਼ਕਾਂ ਮੰਤਰ-ਮੁਗਧ ਹੋਏ ਗਿੱਧੇ-ਭੰਗੜੇ ਦਾ ਅਨੰਦ ਮਾਣਦੇ ਰਹੇ। ਇਸ ਉਪਰੰਤ ਰਾਤੀਂ 8 ਵਜੇ ਸ਼ੁਰੂ ਹੋਏ ਗੀਤ-ਸੰਗੀਤ ਦੇ ਦੌਰ ਵਿਚ ਗਾਇਕ ਲਖਵਿੰਦਰ ਵਡਾਲੀ, ਰਣਜੀਤ ਬਾਵਾ, ਕੰਠ ਕਲੇਰ ਅਤੇ ਕਿਰਨਦੀਪ ਭੁੱਲਰ ਨੇ ਆਪਣੇ ਹਿੱਟ ਗੀਤਾਂ ਦੀ ਛਹਿਬਰ ਲਾਈ।

'ਹੱਸਦਾ ਪੰਜਾਬ' ਦੀ ਟੀਮ ਨੇ ਸਪਾਂਸਰਾਂ ਅਤੇ ਭਾਈਚਾਰੇ ਦੀਆਂ ਸਨਮਾਨਯੋਗ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਿਨ੍ਹਾਂ ਵਿਚ ਗਰੈਂਡ ਸਪਾਂਸਰ ਸੁਰਜੀਤ ਸਿੰਘ, ਪਲਾਟੀਨਮ ਸਪਾਂਸਰ ਗੁਰਦੇਵ ਹੇਅਰ, ਗੋਲਡ ਸਪਾਂਸਰ ਕੁਲਜੀਤ ਚੀਮਾ, ਮੁੱਖ ਮਹਿਮਾਨ ਜੱਸਾ ਰਾਏ, ਮਨਪ੍ਰੀਤ ਵਾਲੀਆ ਅਤੇ ਪੱਤਰਕਾਰ ਹਰਜੀਤ ਢੇਸੀ ਸ਼ਾਮਲ ਸਨ।



ਸ਼ਕਤੀ ਮਾਣਕ







ਗਾਇਕ ਲਖਵਿੰਦਰ ਵਡਾਲੀ








pindproductions
BACK TO TRADITIONS
proudly presents
Lakhwinder Wadali
Kanth Kaler
Ranjit Bawa
GURVINDER BRAR
KIRANDEEP BHULLAR
SATURDAY MAY 2ND, 2015
Vaisakhi Mela
Pind Productions TEAM
Charanjit Sekhon
SukhNarwal
Davinder Grewal
Goldy Dhillon
Jaswinder Sandhu
Gurinder Dhanoa
Lally Mangat
Ranjit Singh
Harsh Gill
Aman Mundi
Other Members : Alam Brar | Daljeet Shelly | Mukhwinder Happy | Jaswinder Dhaliwal | Amarjit Gill
BHANGRA | GIDDHA & FREE GAMES FOR KIDS
"TAG Bhangra" Winner of MCB3
Gidha Team "Nach Balliye" From Toronto
@ HIGH VELOCITY 46245 MICHIGAN AVE, CANTON, MI 48188
Ticket $15 | From 2pm to 9pm
CALL FOR MORE INFO:
Davinder 734-560-2886
Babbu Narwal 734-564-1469
Charnjit Singh 734-233-8464
Goldy Dhillon 734-444-9625
www.pindproductions.net